੧੨ ਮਈ ੨੦੨੬

ਵਿਸ਼ਾ: **ਗਲਤ ਕਨੂੰਨ ਦੇ ਵਿਰੋਧ ਵਿੱਚ ਗੁਰਬਾਣੀ ਦੇ ਗੁਟਕੇ ਵਾਪਸ ਕਰਨੇ ਵੀ ਗਲਤ।**

ਪਿਆਰੀ ਸਿੱਖ ਸੰਗਤ ਜੀ,

ਸਿੱਖਾਂ ਨੇ ਸਿਧਾਂਤਾਂ ਦੀ ਰੱਖਿਆ ਲਈ ਵੱਡੇ-ਵੱਡੇ ਅੰਦੋਲਨ ਅਤੇ ਮੋਰਚੇ ਲਾਏ ਹਨ ਅਤੇ ਜੇਲ੍ਹਾਂ ਭਰਨ ਤੋਂ ਘਬਰਾਏ ਨਹੀਂ। ਪਰ ਜੇਲ੍ਹ ਜਾਣ ਦੇ ਡਰੋਂ ਗੁਰਬਾਣੀ ਦੇ ਗੁਟਕੇ ਅਤੇ ਪੋਥੀਆਂ ਨੂੰ ਘਰੋਂ ਬਾਹਰ ਕਰ ਦੇਣ ਦਾ ਤਰੀਕਾ ਸਿਧਾਂਤਕ ਗਿਰਾਵਟ ਹੈ। ਇਹ ਸਿੱਖ ਵਿਰਾਸਤ ਨੂੰ ਕਲੰਕਤ ਕਰਦਾ ਹੈ।

ਸਰਬੱਤ ਖ਼ਾਲਸਾ ਜਥੇਬੰਦੀ ਕਿਸੇ ਵੀ ਐਸੇ ਕਾਨੂੰਨ ਦਾ ਸਮਰਥਨ ਨਹੀਂ ਕਰਦੀ, ਜੋ ਸਟੇਟ ਨੂੰ ਸਿੱਖ ਧਰਮ ਵਿੱਚ ਦਖਲ ਦੇਣ ਦਾ ਮੌਕਾ ਦੇਵੇ। ਪੰਜਾਬ ਸਰਕਾਰ ਨੇ ਪਿਛਲੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੋਈ ਵੀ ਬਣਦੀ ਕਾਰਵਾਈ ਨਹੀਂ ਕੀਤੀ ਪਰ ਨਵਾਂ ਕਨੂੰਨ ਬਣਾ ਕੇ ਰਾਜਨੀਤਿਕ ਲਾਭ ਲਈ ਸਿੱਖ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ।

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਕਾਨੂੰਨ 2026 ਵਿੱਚ 'ਕਸਟੋਡੀਅਨ' ਨੂੰ ਲੈ ਕੇ ਮੱਦਾਂ ਚਿੰਤਾਜਨਕ ਹਨ, ਜਿਸ ਨਾਲ ਉਲਟਾ ਬੇਕਸੂਰ ਨੂੰ ਫਸਾਇਆ ਜਾ ਸਕਦਾ ਹੈ। ਇਹੋ ਜਿਹੇ ਕਨੂੰਨਾਂ ਦਾ ਵਿਰੋਧ ਜਾਇਜ਼ ਹੈ ਅਤੇ ਹੋਣਾ ਚਾਹੀਦਾ ਹੈ।

ਜਿੱਥੇ ਕਨੂੰਨ ਬਣਾਉਣ ਦੀ ਆੜ ਵਿੱਚ ਸਰਕਾਰ ਸਿਆਸੀ ਰੋਟੀਆਂ ਸੇਕ ਰਹੀ ਹੈ, ਉੱਥੇ ਵਿਰੋਧੀ ਵੀ ਸਿਧਾਂਤ ਦੀ ਰੱਖਿਆ ਦੀ ਬਜਾਇ ਸਿਆਸੀ ਲਾਭ ਦੀ ਆਸ ਵਿੱਚ ਹੀ ਵਿਰੋਧ ਕਰ ਰਹੇ ਹਨ। ਬੇਅਦਬੀ ਦੇ ਗੁਨਾਹਗਾਰਾਂ ਨੂੰ ਬਚਾਉਣ ਵਿੱਚ ਸਾਰੇ ਬਰਾਬਰ ਦੇ ਦੋਸ਼ੀ ਹਨ।

ਪਿਛਲੇ ਦਿਨਾਂ ਵਿੱਚ ਬਹੁਤ ਗਲਤ ਰੁਝਾਨ ਦੇਖਣ ਨੂੰ ਮਿਲਿਆ ਹੈ। ਕੁੱਝ ਲੋਕਾਂ ਵੱਲੋਂ ਗੁਰਬਾਣੀ ਦੇ ਗੁਟਕਿਆਂ ਅਤੇ ਪੋਥੀਆਂ ਨੂੰ ਆਪਣੇ ਘਰੋਂ ਚੁੱਕ ਕੇ ਗੁਰਦੁਆਰੇ ਜਮ੍ਹਾਂ ਕਰਵਾਉਣ ਦੀ ਖ਼ਬਰ ਆ ਰਹੀ ਹੈ। ਇਹ ਵੀ ਦੇਖਣ ਨੂੰ ਆਇਆ ਹੈ ਕਿ ਇਹਨਾਂ ਗੁਟਕਿਆਂ ਅਤੇ ਪੋਥੀਆਂ ਨੂੰ ਹੱਥ ਵਿੱਚ ਫੜ ਕੇ ਵਾਪਸ ਕਰਦਿਆਂ ਦੀਆਂ ਖ਼ਾਸ ਫੋਟੋਆਂ ਖਿਚਵਾਈਆਂ ਗਈਆਂ ਅਤੇ ਅਖਬਾਰਾਂ ਵਿੱਚ ਛਪਵਾਈਆਂ ਗਈਆਂ। ਸੰਗਤ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਇਹ ਰੁਝਾਨ ਵਿਰੋਧੀ ਪਾਰਟੀਆਂ ਦੁਆਰਾ ਆਪਣੇ ਵਰਕਰਾਂ ਅਤੇ ਸਮਰਥਕਾਂ ਵੱਲੋਂ ਹੋ ਸਕਦਾ ਹੈ ਅਤੇ ਇਹ ਵਿਰੋਧ ਦਾ ਤਰੀਕਾ ਮੰਦਭਾਗਾ ਹੈ।

ਸਰਬੱਤ ਖ਼ਾਲਸਾ ਜਥੇਬੰਦੀ ਸਮੂਹ ਸੰਗਤ ਨੂੰ ਅਪੀਲ ਕਰਦੀ ਹੈ ਕਿ ਤੁਰੰਤ ਇਸ ਰੁਝਾਨ ਨੂੰ ਰੋਕਿਆ ਜਾਵੇ ਅਤੇ ਵਿਰੋਧ ਦੇ ਹੋਰ ਅਸਰਦਾਰ ਤਰੀਕੇ ਅਪਣਾਏ ਜਾਣ। ਸੱਚਾ ਸਿੱਖ ਕਿਸੇ ਵੀ ਹਾਲਤ ਵਿੱਚ ਖੁਦ ਨੂੰ ਗੁਰਬਾਣੀ ਤੋਂ ਵੱਖ ਨਹੀਂ ਕਰ ਸਕਦਾ।

ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕਿਆਂ ਨੂੰ ਵਾਪਸ ਕਰਨ ਉਪਰੰਤ ਜੇ ਸਰਕਾਰ ਕਨੂੰਨ ਵਿੱਚ ਲੋੜੀਂਦੀਆਂ ਸੋਧਾਂ ਕਰ ਦਿੰਦੀ ਹੈ ਤਾਂ ਇਸ ਜਿੱਤ ਨੂੰ ਇਤਿਹਾਸ ਕਿਵੇਂ ਯਾਦ ਕਰੇਗਾ?
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)